FOR IMMEDIATE RELEASE CITY OF SURREY
MEDIA RELEASE

# ਸਰੀ ਦੀ ਫੋਕਸ ਨਿਊਟਨ ਐਕਸ਼ਨ ਯੋਜਨਾ: ਪਰਿਵਰਤਨ ਅਤੇ ਬਹੁ-ਪੱਖੀ ਵਿਕਾਸ ਦੀ ਸ਼ੁਰੂਆਤ

ਤੁਰੰਤ ਰਿਲੀਜ਼: ਦਸੰਬਰ 09, 2024

**ਸਰੀ, ਬੀ.ਸੀ.** - ਇੱਕ ਸਾਲ ਪਹਿਲਾਂ ਸਿਟੀ ਆਫ਼ ਸਰੀ ਵਲੋਂ ਫੋਕਸ ਨਿਊਟਨ ਐਕਸ਼ਨ ਪਲੈਨ ਦੀ ਸ਼ੁਰੂਆਤ ਕੀਤੀ ਸੀ, ਜਿਸ ਉਪਰੰਤ ਨਿਊਟਨ ਇਲਾਕੇ ਦਾ ਸੁਧਾਰ ਲਗਾਤਾਰ ਜ਼ਾਰੀ ਹੈ। ਕਮਿਊਨਿਟੀ ਨੇ ਇਸ ਬਾਰੇ ਆਪਣੀ ਮਹੱਤਵਪੂਰਨ ਰਾਏ ਦੇ ਕੇ 5 ਮੁੱਖ ਖੇਤਰਾਂ ਵਿੱਚ ਸੁਧਾਰ ਲਿਆਉਣ ਦੇ ਸੁਝਾਅ ਦਿੱਤੇ ਹਨ, ਜਿਸ 'ਚ ਇਲਾਕੇ ਵਿੱਚ ਹਰਿਆਲੀ ਤੇ ਊਰਜਾ ਨੂੰ ਵਧਾਉਣਾ, ਜਨਤਕ ਸਥਾਨਾਂ ਦੀ ਸਫ਼ਾਈ ਅਤੇ ਸੁਰੱਖਿਆ ਵਿੱਚ ਵਾਧਾ, ਤਾਲਮੇਲ ਦੇ ਵਧੇਰੇ ਮੌਕੇ ਪ੍ਰਧਾਨ ਕਰਨਾ ਤੇ ਹੋਰ ਸਹੂਲਤਾਂ ਸਮੇਤ ਟਰਾਂਸਪੋਰਟ ਸੇਵਾਵਾਂ ਵਿੱਚ ਸੁਧਾਰ ਕਰਨਾ ਸ਼ਾਮਲ ਹੈ।

ਮੇਅਰ ਬਰੈਂਡਾ ਲੌਕ ਨੇ ਕਿਹਾ ਕਿ "ਮੈਨੂੰ ਇਸ ਗੱਲ 'ਤੇ ਬਹੁਤ ਮਾਣ ਹੈ ਕਿ ਕਿਵੇਂ ਸਿਟੀ ਸਟਾਫ਼ ਅਤੇ ਨਿਊਟਨ ਕਮਿਊਨਿਟੀ ਇਕ ਵਧੀਆ ਤਬਦੀਲੀ ਲਿਆਉਣ ਲਈ ਇਕੱਠੇ ਹਨ। ਫੋਕਸ ਨਿਊਟਨ ਟਾਸਕ ਫੋਰਸ ਦਾ ਧੰਨਵਾਦ, ਜਿਸਨੇ ਕਮਿਊਨਿਟੀ ਨਾਲ ਜੋੜਨ ਲਈ ਅਣਥੱਕ ਕੰਮ ਕੀਤਾ। ਨਿਊਟਨ ਨੂੰ ਹੁਣ ਤੱਕ ਅਣਗੌਲਿਆ ਗਿਆ ਸੀ, ਜਿਸਨੂੰ ਟਾਸਕ ਫੋਰਸ ਦੀ ਨਵੀਂ ਯੋਜਨਾ ਤੇ ਸਾਰਥਕ ਤਰੀਕਿਆਂ ਨਾਲ ਮੁੜ ਸੁਰਜੀਤ ਕੀਤਾ ਜਾ ਰਿਹਾ ਹੈ। ਹਾਲਾਂਕਿ, ਸਾਡਾ ਇਹ ਸਫ਼ਰ ਇੱਥੇ ਨਹੀਂ ਰੁਕਦਾ, ਅਸੀਂ ਸਰੀ ਦੇ ਸਭ ਤੋਂ ਵੱਡੇ ਟਾਊਨ ਸੈਂਟਰ ਨੂੰ ਬਿਹਤਰ ਬਣਾਉਣ ਦਾ ਕੰਮ ਜਾਰੀ ਰੱਖਾਂਗੇ ਤਾਂ ਜੋ ਅਸੀਂ ਸਾਰੇ ਮਾਣ ਕਰ ਸਕੀਏ।"

ਪਿਛਲੇ ਇਕ ਸਾਲ ਵਿੱਚ, ਸਿਟੀ ਨੇ ਪਰਿਵਾਰਾਂ ਲਈ ਕਈ ਪ੍ਰੋਗਰਾਮ ਉਲੀਕੇ ਅਤੇ ਕਮਿਊਨਿਟੀ ਸਮਾਗਮਾਂ ਵਿੱਚ ਮਹੱਤਵਪੂਰਨ ਸੁਧਾਰ ਕੀਤਾ ਹੈ, ਜਿਵੇਂ ਕਿ ਕਮਿਊਨਿਟੀ ਪਿਕਨਿਕ, ਮੂਵੀ ਨਾਈਟਸ, ਲਾਇਬ੍ਰੇਰੀ ਪ੍ਰੋਗਰਾਮ, ਸੰਗੀਤਕ ਪ੍ਰਦਰਸ਼ਨ, ਅਤੇ ਵੱਖ-ਵੱਖ ਜਨਤਕ ਸਥਾਨਾਂ ਤੇ ਹੋਰ ਉਪਰਾਲਿਆਂ ਦੀ ਸ਼ੁਰੂਆਤ ਕੀਤੀ ਹੈ।

ਵਸਨੀਕਾਂ ਵਲੋਂ ਉਭਾਰੀ ਗਈ ਕੂੜੇ ਦੀ ਸਮੱਸਿਆਵਾਂ ਨੂੰ ਦੂਰ ਕਰਨ ਲਈ, ਸਰੋਤਾਂ ਵਿੱਚ ਮਹੱਤਵਪੂਰਨ ਵਾਧਾ ਕੀਤਾ ਗਿਆ ਸੀ। ਜਿਸ ਵਿੱਚ ਕੂੜਾ ਇਕੱਠਾ ਕਰਨ ਦੇ ਰੂਟਾਂ ਦਾ ਵਿਸਤਾਰ ਕਰਨਾ, ਕੂੜਾ ਹਟਾਉਣ ਵਾਲੀਆਂ ਟੀਮਾਂ ਨੂੰ ਸਮੱਸਿਆ ਵਾਲੇ ਖੇਤਰਾਂ ਵਿੱਚ ਤਾਇਨਾਤ ਕਰਨਾ, ਗਲੀਆਂ ਅਤੇ ਸਹੂਲਤਾਂ ਵਿੱਚ ਨਵੇਂ ਗਾਰਬੇਜ਼ ਬਿਨ ਰੱਖਣਾ ਸ਼ਾਮਲ ਹੈ।

ਕੁਝ ਮਹੱਤਵਪੂਰਨ ਪ੍ਰੋਜੈਕਟਾਂ ਵਿੱਚ ਸ਼ਾਮਲ ਹਨ:

- ***ਲੈਂਡਸਕੇਪਿੰਗ ਸੁਧਾਰ***: ਟੀਮੇਨਾਵਿਸ ਪਾਰਕ ਵਿਖੇ ਲੈਂਡਸਕੇਪਿੰਗ ਵਿੱਚ ਸੁਧਾਰ, ਕਿੰਗ ਜਾਰਜ ਬੁਲੇਵਾਰ੍ਡ ਅਤੇ 72 ਐਵੇਨਿਊ ਵਿਖੇ ਮੱਧ ਬਾਗਬਾਨੀ ਦਾ ਨਵੀਨੀਕਰਨ, ਅਤੇ ਨਿਊਟਨ ਐਥਲੈਟਿਕ ਪਾਰਕ ਵਿਖੇ ਨਵੇਂ ਬਗੀਚਿਆਂ ਦੀ ਸਥਾਪਨਾ ਕੀਤੀ।
- **ਜਨਤਕ ਸੁਰੱਖਿਆ ਸੁਧਾਰ**: ਸੁਰੱਖਿਆ ਨੂੰ ਵਧਾਉਣ ਲਈ ਐਨਵਿਨ ਪਾਰਕ, ਨਿਊਟਨ ਐਥਲੈਟਿਕ ਪਾਰਕ, ਅਤੇ ਬੀਅਰ ਕਰੀਕ ਪਾਰਕ ਵਿੱਚ ਅੰਬੈਸਡਰਾਂ ਦੀ ਮੌਜੂਦਗੀ ਵਧਾਈ।

- **ਸਫ਼ਾਈ ਅਤੇ ਕੂੜਾ ਹਟਾਉਣ ਦੇ ਯਤਨ**: ਕੂੜਾ ਇਕੱਠਾ ਕਰਨ ਦੇ ਰੂਟਾਂ ਦਾ 28 ਕਿਲੋਮੀਟਰ ਦਾ ਵਿਸਤਾਰ, 35 ਪਾਰਕ ਸਾਈਟਾਂ 'ਤੇ ਹਫ਼ਤਾਵਾਰੀ ਸਫ਼ਾਈ, ਅਤੇ ਦੋ ਕਲੀਨ-ਅੱਪ ਬਲਿਟਜ਼, ਜਿਨ੍ਹਾਂ ਨੇ 3,050 ਤੋਂ ਵੱਧ ਗੈਰ-ਕਾਨੂੰਨੀ ਢੰਗ ਨਾਲ ਡੰਪ ਕੀਤੀਆਂ ਚੀਜ਼ਾਂ ਅਤੇ ਕੂੜੇ ਦੇ 2,280 ਬੈਗਾਂ ਨੂੰ ਹਟਾਇਆ। ਨਿਊਟਨ ਵਿੱਚ 25 ਪਾਰਕ ਸਾਈਟਾਂ 'ਤੇ ਛੇ ਕੁਦਰਤੀ ਖੇਤਰ ਦੀ ਸਫਾਈ ਦੇ ਨਾਲ, 296 ਸਥਾਨਾਂ 'ਤੇ ਗ੍ਰੈਫਿਟੀ ਨੂੰ ਵੀ ਮਿਟਾਇਆ ਗਿਆ ਸੀ।
- **ਪਰਿਵਾਰਕ ਗਤੀਵਿਧੀਆਂ ਵਿੱਚ ਵਾਧਾ**: ਗਰਮੀਆਂ ਵਿੱਚ ਲੜੀਵਾਰ ਕੌਂਨਸਰਟ ਉਲੀਕੇ, ਛੇ ਨਵੀਆਂ ਕਮਿਊਨਿਟੀ ਪਿਕਨਿਕ, ਤਿੰਨ ਪਾਰਕਾਂ ਵਿੱਚ ਆਊਟਡੋਰ ਮੂਵੀ ਰਾਤਾਂ, ਅਤੇ ਨਿਊਟਨ ਰੀਕ੍ਰਿਏਸ਼ਨ ਸੈਂਟਰ ਵਿਖੇ ਸ਼ਾਮ ਨੂੰ ਕਮਿਊਨਿਟੀ ਪ੍ਰੋਗਰਾਮਿੰਗ ਵਿੱਚ ਵਾਧਾ।
- **ਅੰਤਰ-ਰਾਸ਼ਟਰੀ ਵਿਦਿਆਰਥੀਆਂ ਲਈ ਸਹਾਇਤਾ:** ਅੰਤਰਰਾਸ਼ਟਰੀ ਵਿਦਿਆਰਥੀ ਇੱਥੇ ਸੁਰੱਖਿਅਤ ਮਹਿਸੂਸ ਕਰਨ ਅਤੇ ਕਮਿਊਨਿਟੀ ਵਿੱਚ ਰੁੱਝੇ ਰਹਿਣ ਵਿੱਚ ਮੱਦਦ ਕਰਨ ਲਈ ਤਾਲਮੇਲ ਗਤੀਵਿਧੀਆਂ ਵਿੱਚ ਵਾਧਾ, ਸਟੇਕਹੋਲਡਰਾਂ ਅਤੇ ਵਿਦਿਆਰਥੀਆਂ ਦੇ ਨਾਲ ਫੋਕਸ ਗਰੁੱਪ, ਵਿਦਿਆਰਥੀਆਂ ਲਈ ਜੋਬ ਫੇਅਰ, ਅਤੇ ਲਾਇਬ੍ਰੇਰੀਆਂ ਵਿੱਚ ਅੰਗਰੇਜ਼ੀ ਗੱਲਬਾਤ ਪ੍ਰੋਗਰਾਮ।
- **ਪਲੇਸਮੇਕਿੰਗ ਅਤੇ ਇਕੱਠ ਲਈ ਥਾਂਵਾਂ:** ਨਿਊਟਨ ਬੱਸ ਲੂਪ ਦੇ ਕੋਲ ਇੱਕ ਨਵੇਂ ਪੌਪ-ਅੱਪ ਅਸਥਾਈ ਪਲਾਜ਼ਾ ਦੀ ਸ਼ੁਰੂਆਤ, ਵੈਸਟ ਨਿਊਟਨ ਕਮਿਊਨਿਟੀ ਪਾਰਕ, ਨਿਕੋਲ ਅਸਟੇਟ ਪਾਰਕ, ਅਤੇ ਸਟ੍ਰਾਬੇਰੀ ਹਿੱਲ ਪਾਰਕ ਵਿੱਚ ਪਿਕਨਿਕ ਸ਼ੈਲਟਰ, ਅਤੇ ਪੈਨੋਰਾਮਾ ਵਿਲੇਜ ਅਤੇ ਪਾਰਕਵੁੱਡ ਵਿਲੇਜ ਪਾਰਕਾਂ ਵਿੱਚ ਨਵੇਂ ਬੈਂਚ ਰੱਖੇ।
- **ਪੈਦਲ ਚੱਲਣ ਅਤੇ ਸਾਈਕਲਿੰਗ ਰੂਟਾਂ ਵਿੱਚ ਸੁਧਾਰ**: ਜੋਅ ਬ੍ਰਾਊਨ, ਨਿਕੋਲ ਅਸਟੇਟ ਅਤੇ ਬੀਅਰ ਕਰੀਕ ਪਾਰਕਾਂ ਵਿੱਚ ਨਵੇਂ ਕਰਬ ਲੈਟਡਾਊਨ ਅਤੇ ਕ੍ਰਾਸਵਾਕ ਦੀ ਸਥਾਪਨਾ ਅਤੇ ਪੈਦਲ ਚੱਲਣ ਵਾਲੇ ਰਸਤੇ ਦਾ ਵਿਸਤਾਰ।
- **ਸ਼ੋਰਟ-ਟਰਮ ਟਰਾਂਸਪੋਰਟੇਸ਼ਨ ਇੰਵੈਸਟਮੈਂਟ੍ਸ**: 80 ਐਵੇਨਿਊ ਅਤੇ 132 ਸਟ੍ਰੀਟ ਕੋਰੀਡੋਰਾਂ 'ਤੇ ਸੜਕੀ ਨਿਵੇਸ਼ਾਂ ਦੀ ਇੱਕ ਲੜੀ ਦੇ ਨਾਲ-ਨਾਲ ਆਵਾਜਾਈ ਨੂੰ ਘਟਾਉਣ ਲਈ, ਨਵੇਂ ਕਰਬ ਲੈਟਡਾਊਨ ਅਤੇ ਕ੍ਰਾਸਵਾਕ ਦੀ ਸਥਾਪਨਾ, ਅਤੇ ਜੋ ਬ੍ਰਾਊਨ, ਨਿਕੋਲ ਅਸਟੇਟ, ਅਤੇ ਬੀਅਰ ਕ੍ਰੀਕ ਪਾਰਕਸ ਵਿੱਚ ਪੈਦਲ ਮਾਰਗਾਂ ਦਾ ਵਿਸਤਾਰ।

ਪ੍ਰੋਜੈਕਟਾਂ ਦੀ ਸੂਚੀ ਲਈ, ਇੱਥੇ ਕਲਿੱਕ ਕਰੋ। ਫੋਕਸ ਨਿਊਟਨ ਉਪਰਾਲਿਆਂ ਬਾਰੇ ਵਧੇਰੇ ਜਾਣਕਾਰੀ surrey.ca/focusnewton 'ਤੋਂ ਲੈ ਸਕਦੇ ਹਨ।

-30-

**ਮੀਡੀਆ ਇਨਕੁਆਰੀ :**

ਪ੍ਰਭਜੋਤ ਕਾਹਲੋਂ
ਮਲਟੀਕਲਚਰਲ ਮੀਡੀਆ ਰੀਲੈਸ਼ਨ ਲੀਡ
ਸਿਟੀ ਆਫ ਸਰੀ
prabhjot.kahlon@surrey.ca
C :236-878-6263